Weekly

# CANADA SIKH TIMES

6 - 12 July 2025 ਕੈਨੇਡਾ ਸਿੱਖ ਟਾਈਮਜ਼ Volume 3 Issue 27

• RELIGION • CULTURE • HERITAGE • BUSINESS

## Sharleen Kaur Makes History as First Sikh Female Pilot in U.S. Air Force



In a groundbreaking achievement, Sharleen Kaur has become the first Sikh female pilot to be commissioned in the U.S. Air Force. A proud Sikh American and a recent graduate of James Madison University, Kaur's accomplishment marks a significant moment for representation and diversity in military aviation.Her commissioning not only celebrates her personal dedication and hard work but also serves as an inspiration for countless young Sikh women around the world who aspire to break barriers in fields traditionally underrepresented by their community.Sharleen's journey reflects the strength of cultural identity combined with the pursuit of excellence. Her story sends a strong message about inclusion, perseverance, and the limitless potential of Sikh youth. The global Sikh community is celebrating this proud milestone with immense joy and pride.

## BMW Group India Appoints Hardeep Singh Brar as CEO



BMW Group India has named Hardeep Singh Brar as its new Chief Executive Officer. A seasoned automotive leader with over two decades of experience across top global car brands, Brar steps into the role with a clear vision for growth and innovation in the Indian luxury car segment. This appointment marks a significant milestone as Brar becomes one of the few Sikh CEOs leading a global automobile brand in India. Known for his strategic thinking and sharp market insight, he is expected to strengthen BMW's footprint in a rapidly evolving industry. The Sikh community and auto industry alike are celebrating this appointment as a proud moment of representation and achievement. Brar's leadership comes at a time when BMW is investing heavily in electric mobility and tech-driven customer experience.

## ਇਟਲੀ ’ਚ ਪੰਜਾਬ ਦੀ ਧੀ ਮਨਪ੍ਰੀਤ ਕੌਰ ਨੇ ਕੀਤਾ ਪੰਜਾਬ ਦਾ ਨਾਮ ਰੋਸ਼ਨ



ਪੰਜਾਬੀਆਂ ਦੀ ਮਿਹਨਤ ਅਤੇ ਕਾਮਯਾਬੀ ਦੇ ਚਰਚੇ ਆਏ ਦਿਨ ਦੁਨੀਆ ਦੇ ਵੱਖ-ਵੱਖ ਕੋਨਿਆਂ ’ਚੋ ਸੁਣਾਈ ਦੇ ਰਹੇ ਹਨ। ਇਸ ਵਿੱਚ ਇੱਕ ਨਾਮ ਹੋਰ ਜੁੜਦਾ ਨਜ਼ਰ ਆ ਰਿਹਾ ਹੈ, ਪੰਜਾਬ ਦੀ ਧੀ ਮਨਪ੍ਰੀਤ ਕੌਰ ਦਾ। ਜਿਸਦੀ ਮਿਹਨਤ ਦੀ ਚਰਚਾ ਇਟਲੀ ਵਿੱਚ ਸੁਣਾਈ ਦੇ ਰਹੀ ਹੈ। ਜਿੱਥੇ ਮਨਪ੍ਰੀਤ ਕੌਰ ਨੇ ਜਹਾਜ਼ ਦਾ ਪਾਇਲਟ ਬਣਨ ਲਈ ਪੰਜ ਸਾਲ ਦਾ ਡਿਪਲੋਮਾ ਪਾਸ ਕੀਤਾ ਹੈ। ਉੱਥੇ ਹੀ ਇਸ ਲਈ ਕੀਤੀ ਮਿਹਨਤ ਦੇ ਚਰਚੇ ਇਟਾਲੀਅਨ ਅਖਬਾਰਾਂ ਦੀਆਂ ਸੁਰਖੀਆਂ ਬਟੋਰ ਰਹੇ ਹਨ। ਪਿਤਾ ਪ੍ਰਤਾਪ ਸਿੰਘ ਕਾਹਲੋਂ ਅਤੇ ਮਾਤਾ ਮੋਨਿਕਾ ਕੌਰ ਨੇ ਦੱਸਿਆ ਕਿ ਉਹਨਾਂ ਦੀ ਧੀ ਨੇ ਇਟਲੀ ਦੇ ਸ਼ਹਿਰ ਮਿਲਾਨ ਵਿੱਚ ਮੈਕਸਵੇਲ ਟੈਕਨੀਕਲ ਇੰਸਟੀਚਿਊਟ ਤੋਂ ਟਰਾਂਸਪੋਟ ਅਤੇ ਲੋਜਿਸਟਿਕ (ਏਅਰਲਾਈਨ ਪਾਇਲਟ ਸਪੈਜੇਲਾਈਜੇਸ਼ਨ) ਲਈ 5 ਸਾਲ ਦਾ ਡਿਪਲੋਮਾ ਪਾਸ ਕਰ ਲਿਆ ਹੈ। ਜਿਸ ਵਿੱਚ ਉਸਨੇ 91% ਅੰਕ ਪ੍ਰਾਪਤ ਕੀਤੇ ਹਨ। ਉਹਨਾਂ ਦੱਸਿਆ ਕਿ ਬਚਪਨ ਤੋਂ ਹੀ ਉਸਦਾ ਪਾਇਲਟ ਬਣਨ ਦਾ ਸੁਪਨਾ ਸੀ, ਜਿਸਦੀ ਪੜ੍ਹਾਈ ਲਈ ਉਹਨਾਂ ਦੀ ਧੀ ਵੋਗੇਰਾ ਤੋਂ ਮਿਲਾਨ ਹਰ ਰੋਜ 2 ਘੰਟੇ ਇੱਕ ਪਾਸੇ ਦਾ ਸਫਰ ਤਹਿ ਕਰਕੇ ਜਾਂਦੀ ਸੀ, ਪਰ ਇਸਦੇ ਬਾਵਜੂਦ ਉਸਨੇ ਕਦੇ ਹਾਰ ਨਹੀਂ ਮੰਨੀ ਅਤੇ ਹੁਣ ਉਹ ਆਪਣਾ ਸੁਪਨਾ ਪੂਰਾ ਕਰਨ ਜਾ ਰਹੀ ਹੈ। ਮਨਪ੍ਰੀਤ ਕੌਰ ਨੇ ਅੱਗੇ ਦੱਸਿਆ ਕਿ ਉਹ ਛੋਟੇ ਜਹਾਜ ਚਲਾਉਣ ਲਈ ਲਾਇਸੈਂਸ ਹਾਸਲ ਕਰਨ ਲਈ ਅਪਲਾਈ ਰਹੀ ਹੈ ਅਤੇ ਅੱਗੋਂ ਕਮਰਸ਼ੀਅਲ ਪਾਇਲਟ ਬਣਨ ਲਈ ਵੀ ਜਲਦ ਲਾਇਸੈਂਸ ਅਪਲਾਈ ਕਰੇਗੀ। ਇਸ ਖੁਸ਼ਖਬਰੀ ਨੇ ਸਿਰਫ਼ ਮਨਪ੍ਰੀਤ ਦੇ ਪਰਿਵਾਰ ਹੀ ਨਹੀਂ, ਸਾਰੇ ਪੰਜਾਬੀਆਂ ਦੇ ਮਨ ਗਰਵ ਨਾਲ ਭਰ ਦਿੱਤੇ ਹਨ। ਇਟਲੀ ਵਿੱਚ ਰਹਿ ਕੇ ਪੰਜਾਬੀ ਨੌਜਵਾਨੀ ਦੀ ਇਹ ਕਾਮਯਾਬੀ ਸਾਬਤ ਕਰਦੀ ਹੈ ਕਿ ਜੇਕਰ ਇਰਾਦੇ ਪੱਕੇ ਹੋਣ ਤਾਂ ਜ਼ਿੰਦਗੀ ਵਿੱਚ ਕੋਈ ਵੀ ਮੰਜ਼ਿਲ ਦੂਰ ਨਹੀਂ।

# DESH VIDESH

## Delhi Cabinet approves annual tribute to Guru Tegh Bahadur

The Delhi cabinet has approved a landmark proposal to commemorate the 350th Shaheedi Parab (martyrdom day) of Guru Tegh Bahadur at the Red Fort in November. The two-day event will include a light and sound show, Kirtan Darbar, panel discussions, exhibitions of paintings, archival displays, and public readings of the Guru's bani in multiple languages. Celebration will take place at Lal Qila, Chandni Chowk—the historic site where Guru Tegh Bahadur was martyred for defending religious freedom. S. Sirsa emphasized that the Guru's sacrifice is not just a part of Sikh history, but a timeless message of freedom, tolerance, and justice for all humanity. A Miyawaki forest dedicated to Guru Tegh Bahadur will also be developed in Jainpur, Delhi, as a living tribute to his legacy and the Sikh community's enduring commitment to nature and service. Delhi University has introduced a new undergraduate course titled "Sikh Martyrdom in Indian History", following recommendations from Sikh scholars and community leaders. This academic step aims to institutionalize the teachings of Sikh Gurus and educate



students about their role in upholding justice and human dignity Throughout the year, the Delhi government will organize outreach initiatives—school competitions, lectures, cultural programmes, and exhibitions—to deepen public engagement with Sikh history. Sirsa credited Delhi Chief Minister for championing the cause and reiterated Prime Minister's efforts in promoting Sikh legacy at the national and global levels. The initiative is being hailed as a historic recognition of Delhi's deep-rooted connection with Sikh heritage and a powerful move to bring Guru Tegh Bahadur's message closer to every citizen.

## ਬੰਦਾ ਕੀ ਕਰੇ...?

– ਸੰਦੀਪ ਸਿੰਘ

ਅੱਜ ਦੇ ਸਮੇਂ ਵਿੱਚ, ਜਦੋਂ ਸਮਾਜ ਪਦਾਰਥਵਾਦ ਅਤੇ ਮੁਕਾਬਲੇਬਾਜ਼ੀ ਦੀ ਦੌੜ ਵਿੱਚ ਅੰਨ੍ਹਾ ਹੋ ਚੁੱਕਾ ਹੈ, ਇਨਸਾਨ ਨੂੰ ਇੱਕ ਅਜਿਹੀ ਦੋਧਾਰੀ ਸਥਿਤੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਜਿੱਥੇ ਸੱਚ ਅਤੇ ਝੂਠ ਦੀ ਚੋਣ ਨਾ ਸਿਰਫ ਉਸ ਦੀ ਨੀਤੀ ਨੂੰ ਪਰਖਦੀ ਹੈ, ਸਗੋਂ ਉਸ ਦੇ ਰਿਸ਼ਤਿਆਂ ਦੀ ਮਜ਼ਬੂਤੀ ਨੂੰ ਵੀ ਚੁਣੌਤੀ ਦਿੰਦੀ ਹੈ। "ਬੰਦਾ ਕੀ ਕਰੇ...?" ਇਹ ਸਵਾਲ ਅੱਜ ਹਰ ਉਸ ਵਿਅਕਤੀ ਦੇ ਮਨ ਵਿੱਚ ਗੂੰਜਦਾ ਹੈ, ਜੋ ਇਸ ਸੰਸਾਰ ਦੀਆਂ ਪੇਚੀਦਗੀਆਂ ਵਿੱਚ ਫਸਿਆ ਹੋਇਆ ਹੈ। ਜੇਕਰ ਉਹ ਸੱਚ ਬੋਲਦਾ ਹੈ, ਤਾਂ ਉਸ ਦੀਆਂ ਗੱਲਾਂ ਦੂਜਿਆਂ ਨੂੰ ਮਿਰਚਾਂ ਵਾਂਗ ਚੁਭਦੀਆਂ ਹਨ, ਅਤੇ ਜੇਕਰ ਝੂਠ ਦਾ ਸਹਾਰਾ ਲੈਂਦਾ ਹੈ, ਤਾਂ ਅੰਦਰੋ-ਅੰਦਰੀ ਪਾਪ ਦੀ ਭਾਵਨਾ ਉਸ ਨੂੰ ਲਾਹਣਤਾ ਪਾਉਂਦੀ ਹੈ। ਇਹ ਸਥਿਤੀ ਸਿਰਫ ਵਿਅਕਤੀਗਤ ਜੀਵਨ ਤੱਕ ਹੀ ਸੀਮਤ ਨਹੀਂ, ਸਗੋਂ ਸਮਾਜ ਦੇ ਹਰ ਰਿਸ਼ਤੇ -ਚਾਹੇ ਉਹ ਪਰਿਵਾਰਕ ਹੋਣ, ਦੋਸਤੀ ਦੇ ਹੋਣ, ਜਾਂ ਪੇਸ਼ੇਵਰ -ਉੱਤੇ ਭਾਰੀ ਪੈ ਰਹੀ ਹੈ। ਇਸ ਲੇਖ ਵਿੱਚ ਅਸੀਂ ਇਸ ਦੋਧਾਰੀ ਸਥਿਤੀ ਦੀ ਡੂੰਘਾਈ ਨਾਲ ਪੜਚੋਲ ਕਰਾਂਗੇ ਅਤੇ ਇਹ ਜਾਣਨ ਦੀ ਕੋਸ਼ਿਸ਼ ਕਰਾਂਗੇ ਕਿ ਅਜਿਹੇ ਸਮੇਂ ਵਿੱਚ ਇਨਸਾਨ ਦੇ ਸਾਹਮਣੇ ਕੀ ਵਿਕਲਪ ਹਨ।

ਅੱਜ ਦਾ ਸਮਾਜ ਪਦਾਰਥਵਾਦੀ ਸੋਚ ਦੇ ਚੱਕਰ ਵਿੱਚ ਇੰਨਾ ਫਸ ਗਿਆ ਹੈ ਕਿ ਰਿਸ਼ਤਿਆਂ ਦੀ ਨਿੱਘ ਅਤੇ ਸੰਵੇਦਨਸ਼ੀਲਤਾ ਕਿਤੇ ਪਿੱਛੇ ਰਹਿ ਗਈ ਹੈ। ਲੋਕ ਸਫਲਤਾ, ਸੰਪਤੀ ਅਤੇ ਸਮਾਜਿਕ ਰੁਤਬੇ ਦੀ ਦੌੜ ਵਿੱਚ ਅਜਿਹੇ ਅੰਨ੍ਹੇ ਹੋ ਚੁੱਕੇ ਹਨ ਕਿ ਉਹ ਦੂਜਿਆਂ ਨੂੰ ਨੀਵਾਂ ਦਿਖਾਉਣ ਜਾਂ ਪਿੱਛੇ ਛੱਡਣ ਦੀ ਕੋਸ਼ਿਸ਼ ਵਿੱਚ ਹਰ ਸੰਭਵ ਜਤਨ ਕਰਦੇ ਹਨ। ਇਸ ਮੁਕਾਬਲੇਬਾਜ਼ੀ ਦੀ ਸੋਚ ਨੇ ਸਮਾਜ ਵਿੱਚ ਇੱਕ ਅਜਿਹੀ ਮਾਨਸਿਕਤਾ ਪੈਦਾ ਕਰ ਦਿੱਤੀ ਹੈ, ਜਿੱਥੇ ਸੱਚ ਅਤੇ ਸਚਿਆਈ ਨੂੰ ਸਵੀਕਾਰ ਕਰਨ ਦੀ ਸਹਿਣਸ਼ੀਲਤਾ ਘਟਦੀ ਜਾ ਰਹੀ ਹੈ। ਜਦੋਂ ਕੋਈ ਵਿਅਕਤੀ ਸੱਚ ਬੋਲਦਾ ਹੈ, ਤਾਂ ਉਸ ਦੀ ਗੱਲ ਨੂੰ ਅਕਸਰ ਨਕਾਰ ਦਿੱਤਾ ਜਾਂਦਾ ਹੈ, ਕਿਉਂਕਿ ਸੱਚ ਕੌੜਾ ਹੁੰਦਾ ਹੈ ਅਤੇ ਇਹ ਦੂਜਿਆਂ ਦੀ ਅਹੰਕਾਰ ਨੂੰ ਠੇਸ ਪਹੁੰਚਾਉਂਦਾ ਹੈ। ਇਸ ਦੇ ਉਲਟ, ਜੇਕਰ ਇਨਸਾਨ ਝੂਠ ਬੋਲ ਕੇ ਸਥਿਤੀ ਨੂੰ ਸੰਭਾਲਣ ਦੀ ਕੋਸ਼ਿਸ਼ ਕਰਦਾ ਹੈ, ਤਾਂ ਉਸ ਨੂੰ ਅੰਦਰੋ-ਅੰਦਰੀ ਇੱਕ ਗਲਤੀ ਦਾ ਅਹਿਸਾਸ ਹੁੰਦਾ ਹੈ, ਜੋ ਉਸ ਦੀ ਅੰਤਰ-ਆਤਮਾ ਨੂੰ ਚੈਨ ਨਹੀਂ ਲੈਣ ਦਿੰਦਾ। ਇਸ ਤਰ੍ਹਾਂ, ਇਨਸਾਨ ਦੋਵੇਂ ਪਾਸਿਆਂ ਤੋਂ ਫਸ ਜਾਂਦਾ ਹੈ, ਅਤੇ ਇਸ ਦਾ ਸਭ ਤੋਂ ਵੱਡਾ ਨੁਕਸਾਨ ਉਸ ਦੇ ਰਿਸ਼ਤਿਆਂ ਨੂੰ ਹੁੰਦਾ ਹੈ।

ਪੰਜਾਬੀ ਸਭਿਆਚਾਰ ਵਿੱਚ, ਜਿੱਥੇ ਰਿਸ਼ਤਿਆਂ ਨੂੰ ਸਦਾ ਹੀ ਸਭ ਤੋਂ ਉੱਚਾ ਸਥਾਨ ਦਿੱਤਾ ਜਾਂਦਾ ਸੀ, ਅੱਜ ਉਹੀ ਰਿਸ਼ਤੇ ਕਮਜ਼ੋਰ ਪੈ ਰਹੇ ਹਨ। ਪਹਿਲਾਂ ਪਰਿਵਾਰ ਇਕੱਠੇ ਬੈਠਦੇ ਸਨ, ਗੱਲਬਾਤ ਕਰਦੇ ਸਨ, ਇੱਕ-ਦੂਜੇ ਦੀਆਂ ਸਮੱਸਿਆਵਾਂ ਸੁਣਦੇ ਸਨ ਅਤੇ ਉਨ੍ਹਾਂ ਨੂੰ ਸੁਲਝਾਉਣ ਦੀ ਕੋਸ਼ਿਸ਼ ਕਰਦੇ ਸਨ। ਪਰ ਅੱਜ ਦੀ ਤੇਜ਼ ਰਫਤਾਰ ਜ਼ਿੰਦਗੀ ਵਿੱਚ, ਲੋਕਾਂ ਕੋਲ ਸਮਾਂ ਹੀ ਨਹੀਂ ਹੈ ਕਿ ਉਹ ਆਪਣੇ ਪਰਿਵਾਰ ਜਾਂ ਦੋਸਤਾਂ ਨਾਲ ਖੁੱਲ੍ਹ ਕੇ ਗੱਲਬਾਤ ਕਰ ਸਕਣ। ਸੋਸ਼ਲ ਮੀਡੀਆ ਅਤੇ ਤਕਨੀਕ ਨੇ ਸੰਵਾਦ ਦੀ ਇਸ ਕਮੀ ਨੂੰ ਹੋਰ ਵਧਾ ਦਿੱਤਾ ਹੈ। ਲੋਕ ਆਪਣੀਆਂ ਭਾਵਨਾਵਾਂ ਨੂੰ ਸੋਸ਼ਲ ਮੀਡੀਆ 'ਤੇ ਅਜਨਬੀਆਂ ਨਾਲ ਸਾਂਝੀਆਂ ਕਰ ਲੈਂਦੇ ਹਨ, ਪਰ ਆਪਣੇ ਨਜ਼ਦੀਕੀ ਰਿਸ਼ਤਿਆਂ ਨਾਲ ਖੁੱਲ੍ਹ ਕੇ ਗੱਲ ਕਰਨ ਤੋਂ ਕਤਰਾਉਂਦੇ ਹਨ। ਨਤੀਜੇ ਵਜੋਂ, ਗਲਤਫਹਿਮੀਆਂ ਵਧਦੀਆਂ ਹਨ, ਅਤੇ ਰਿਸ਼ਤਿਆਂ ਵਿੱਚ ਦਰਾਰਾਂ ਪੈ ਜਾਂਦੀਆਂ ਹਨ।

(ਬਾਕੀ ਫੇਰ)

HERITAGE

## ਸਿਰਫ਼ ਭਾਰਤੀਆਂ ਨੂੰ ਮਿਲੇਗਾ UAE ਦਾ lifetime Golden Visa!




ਸੰਯੁਕਤ ਅਰਬ ਅਮੀਰਾਤ (ਯੂ.ਏ.ਈ) ਨੇ ਸਿਰਫ ਭਾਰਤ ਜਾਂ ਕੁਝ ਚੋਣਵੇ ਦੇਸ਼ਾਂ ਨੂੰ ਜੀਵਨ ਭਰ ਗੋਲਡਨ ਵੀਜ਼ਾ ਜਾਰੀ ਕਰਨ ਦੀਆਂ ਖ਼ਬਰਾਂ ਦਾ ਖੰਡਨ ਕੀਤਾ ਹੈ। ਨਾਲ ਹੀ ਗੋਲਡਨ ਵੀਜ਼ਾ ਬਿਨੈਕਾਰਾਂ ਨੂੰ ਸਾਵਧਾਨ ਰਹਿਣ ਲਈ ਕਿਹਾ ਹੈ ਕਿਉਂਕਿ ਕੁਝ ਮੀਡੀਆ ਆਊਟਲੇਟਸ ਅਤੇ ਵੈਬਸਾਈਟਾਂ ਇਸ ਸਬੰਧੀ ਅਫਵਾਹਾਂ ਫੈਲਾ ਰਹੇ ਹਨ। ਯੂ.ਏ.ਈ ਦੀ ਸੰਘੀ ਪਛਾਣ, ਨਾਗਰਿਕਤਾ, ਕਸਟਮ ਅਤੇ ਬੰਦਰਗਾਹ ਸੁਰੱਖਿਆ ਅਥਾਰਟੀ (ਆਈ.ਸੀ.ਪੀ) ਨੇ ਮੀਡੀਆ ਰਿਪੋਰਟਾਂ ਦਾ ਖੰਡਨ ਕੀਤਾ ਹੈ ਕਿ ਯੂ.ਏ.ਈ ਚੋਣਵੇਂ ਦੇਸ਼ਾਂ ਦੇ ਲੋਕਾਂ ਨੂੰ ਜੀਵਨ ਭਰ ਗੋਲਡਨ ਵੀਜ਼ਾ ਦੀ ਪੇਸ਼ਕਸ਼ ਕਰ ਰਿਹਾ ਹੈ। ਆਈ.ਸੀ.ਪੀ ਨੇ ਸਪੱਸ਼ਟ ਕੀਤਾ ਹੈ ਕਿ ਗੋਲਡਨ ਵੀਜ਼ਾ ਪ੍ਰੋਗਰਾਮ ਨਿਯਮਾਂ, ਕਾਨੂੰਨਾਂ ਅਤੇ ਮੰਤਰੀ ਪੱਧਰ ਦੇ ਫੈਸਲਿਆਂ ਅਧੀਨ ਕੰਮ ਕਰਦਾ ਹੈ। ਦਿਲਚਸਪੀ ਰੱਖਣ ਵਾਲੇ ਵਿਅਕਤੀ ਅਥਾਰਟੀ ਦੀ ਵੈੱਬਸਾਈਟ ਜਾਂ ਸਮਾਰਟ ਐਪਲੀਕੇਸ਼ਨ ’ਤੇ ਅਧਿਕਾਰਤ ਜਾਣਕਾਰੀ ਪ੍ਰਾਪਤ ਕਰ ਸਕਦੇ ਹਨ। ਆਈ.ਸੀ.ਪੀ ਨੇ ਕਿਹਾ ਕਿ ਉਨ੍ਹਾਂ ਨੂੰ ਕੁਝ ਸਥਾਨਕ, ਵਿਦੇਸ਼ੀ ਮੀਡੀਆ ਅਤੇ ਵੈੱਬਸਾਈਟਾਂ ਵਿੱਚ ਫੈਲ ਰਹੀਆਂ ਅਫਵਾਹਾਂ ਬਾਰੇ ਪਤਾ ਲੱਗਾ ਹੈ। ਅਸੀਂ ਸਪੱਸ਼ਟ ਕਰਨਾ ਚਾਹੁੰਦੇ ਹਾਂ ਕਿ ਯੂ.ਏ.ਈ ਗੋਲਡਨ ਵੀਜ਼ਾ ਅਰਜ਼ੀ ਵਿੱਚ ਕਿਸੇ ਵੀ ਅੰਦਰੂਨੀ ਜਾਂ ਬਾਹਰੀ ਸਲਾਹਕਾਰ ਸੰਸਥਾ ਨੂੰ ਅਰਜ਼ੀ ਪ੍ਰਕਿਰਿਆ ਵਿੱਚ ਇੱਕ ਪ੍ਰਵਾਨਿਤ ਧਿਰ ਨਹੀਂ ਮੰਨਿਆ ਜਾਂਦਾ ਹੈ। ਆਈ.ਸੀ.ਪੀ ਨੇ ਆਪਣੇ ਬਿਆਨ ਵਿੱਚ ਕਿਸੇ ਵੀ ਦੇਸ਼ ਦਾ ਨਾਮ ਨਹੀਂ ਲਿਆ ਹੈ, ਪਰ ਰਿਪੋਰਟਾਂ ਵਿੱਚ ਅਜਿਹੀਆਂ ਗੱਲਾਂ ਕਹੀਆਂ ਗਈਆਂ ਹਨ ਕਿ ਇਹ ਵੀਜ਼ਾ ਸਿਰਫ਼ ਭਾਰਤੀਆਂ ਨੂੰ ਹੀ ਦਿੱਤਾ ਜਾ ਸਕਦਾ ਹੈ। ਇਸ ਬਾਰੇ ਯੂ.ਏ.ਈ ਤੋਂ ਸਪੱਸ਼ਟੀਕਰਨ ਆਇਆ ਹੈ। ਆਈ.ਸੀ.ਪੀ ਨੇ ਕਿਹਾ ਕਿ ਉਹ ਉਨ੍ਹਾਂ ਸੰਗਠਨਾਂ ਵਿਰੁੱਧ ਕਾਨੂੰਨੀ ਕਾਰਵਾਈ ਕਰੇਗਾ ਜੋ ਯੂ.ਏ.ਈ ਗੋਲਡਨ ਵੀਜ਼ਾ ਬਾਰੇ ਅਫਵਾਹਾਂ ਫੈਲਾ ਰਹੇ ਹਨ ਕਿਉਂਕਿ ਯੂ.ਏ.ਈ ਸਾਰਿਆਂ ਨੂੰ ਸੁਰੱਖਿਅਤ ਅਤੇ ਸਪਸ਼ਟ ਵਾਤਾਵਰਣ ਪ੍ਰਦਾਨ ਕਰਨ ਲਈ ਪੂਰੀ ਤਰ੍ਹਾਂ ਵਚਨਬੱਧ ਹਨ।

## Ashpal Kaur Bhogal Becomes First Sikh-British Woman to Represent England in International Hockey



In a groundbreaking moment for both sports and representation, Ashpal Kaur Bhogal has made history as the first Sikh-British woman selected to play for the England Women's Hockey team at the international level. Blazing a trail from grassroots fields to global arenas, Bhogal's achievement is not only a personal triumph but a powerful inspiration for young girls across communities, especially those from underrepresented backgrounds. Her inclusion in the national squad highlights the growing diversity in British sports and reflects years of relentless training, discipline, and passion for the game. Sikh and South Asian communities across the UK are celebrating this proud milestone, hailing Bhogal as a role model for the next generation of athletes. Bhogal's story is proof that representation matters—and that dreams, no matter where they begin, can reach the international stage.

### ◆◆ ਰੋਸੁ ਨ ਕੀਜੈ ਉਤਰੁ ਦੀਜੈ ◆◆

**1. How many dialects and languages are found in Guru Granth Sahib?**

A. 5 to 10 B. 15 to 20
C. 25 to 30 D. 35 to 40

**2. Which Nitnem Bani on the first 13 pages of Guru Granth Sahib has the word ‘ਕਾਸਟ’ and what does it means?**

A. Japji, Black B. Sodar, Wood
C. Sopurakh, Wood D. Sohila, Wounds

**3. According to Mool Nanakshahi calendar the Parkash Purab of Guru Harkishan Sahib is celebrated on which fixed date every year?**

A. July 15 B. July 20
C. July 23 D. August 1

**4. What is the meaning of ‘ਭਗਉਤੀ’ as it appears in Guru Granth Sahib?**

A. Akal Purakh
B. Devotee of Karta Purakh
C. Worshipper of Formless
D. Both B & C

(ਦੇਖੋ ਉੱਤਰ ਪੰਨਾ 4 ’ਤੇ)

# ਕੀ AI ਨਵੀਂ ਪੀੜ੍ਹੀ ਦੀ ਵਿਅਕਤੀਗਤ ਸਿੱਖਿਆ ਲਈ ਉਪਯੋਗੀ ਸਾਧਨ ਹੈ?




ਚੈਟਜੀਪੀਟੀ ਦੀ ਵਰਤੋਂ ਕਰਨ ਵਾਲਿਆਂ ਲਈ ਇਹ ਖ਼ਬਰ ਮਹੱਤਵਪੂਰਨ ਹੈ। ਚੈਟਜੀਪੀਟੀ ਦੀ ਸ਼ੁਰੂਆਤ ਤੋਂ ਲਗਭਗ ਤਿੰਨ ਸਾਲ ਬਾਅਦ ਸਿੱਖਣ ਪ੍ਰਕਿਰਿਆ ਉਤੇ ਆਰਟੀਫੀਸ਼ੀਅਲ ਇੰਟੈਲੀਜੈਂਸ (ਏਆਈ) ਤਕਨਾਲੋਜੀਆਂ ਦੇ ਪ੍ਰਭਾਵ ਬਾਰੇ ਵਿਆਪਕ ਤੌਰ ’ਤੇ ਬਹਿਸ ਹੋਈ ਹੈ। ਕੀ ਇਹ ਵਿਅਕਤੀਗਤ ਸਿੱਖਿਆ ਲਈ ਉਪਯੋਗੀ ਸਾਧਨ ਹਨ, ਜਾਂ ਅਕਾਦਮਿਕ ਬੇਈਮਾਨੀ ਦੇ ਪ੍ਰਵੇਸ਼ ਦੁਆਰ ਹਨ? ਸਭ ਤੋਂ ਮਹੱਤਵਪੂਰਨ ਚਿੰਤਾ ਇਹ ਹਨ ਕਿ ਏਆਈ ਦੀ ਵਰਤੋਂ ਨਾਲ ਵਿਆਪਕ “ਮੂਰਖਤਾ” ਪੈਦਾ ਹੋਵੇਗੀ, ਜਾਂ ਆਲੋਚਨਾਤਮਕ ਢੰਗ ਨਾਲ ਸੋਚਣ ਦੀ ਯੋਗਤਾ ਵਿੱਚ ਗਿਰਾਵਟ ਆਵੇਗੀ। ਦਲੀਲ ਇਹ ਹੈ ਕਿ ਜੇਕਰ ਵਿਦਿਆਰਥੀ ਬਹੁਤ ਜਲਦੀ ਏਆਈ ਟੂਲਸ ਦੀ ਵਰਤੋਂ ਕਰਦੇ ਹਨ, ਤਾਂ ਉਨ੍ਹਾਂ ਵਿਚ ਆਲੋਚਨਾਤਮਕ ਸੋਚ ਅਤੇ ਸਮੱਸਿਆ-ਹੱਲ ਲਈ ਬੁਨਿਆਦੀ ਹੁਨਰ ਵਿਕਸਤ ਨਹੀਂ ਹੋ ਪਾਉਂਦਾ। ਇਸ ਬਾਰੇ ਐਮਆਈਟੀ ਵਿਗਿਆਨੀਆਂ ਦੁਆਰਾ ਇੱਕ ਤਾਜ਼ਾ ਅਧਿਐਨ ਕੀਤਾ ਗਿਆ ਹੈ, ਜਿਸ ਅਨੁਸਾਰ ਰਚਨਾਤਮਕ ਲੇਖਨ ਵਿੱਚ ਮਦਦ ਸਬੰਧੀ ਚੈਟਜੀਪੀਟੀ ਦੀ ਵਰਤੋਂ ਕਰਨ ਨਾਲ ਨਵੀ ਪੀੜ੍ਹੀ ਦੀ ਬੋਧਾਤਮਕ ਸਮਝ ਅਤੇ ਸਿੱਖਣ ਦੇ ਹੁਨਰ ਵਿੱਚ ਸੰਭਾਵੀ ਗਿਰਾਵਟ ਆ ਰਹੀ ਹੈ।

ਉਹਨਾਂ ਨੇ ਅਧਿਐਨ ਦੌਰਾਨ 54 ਬੱਚਿਆਂ ਵਿਚੋਂ ਅੱਧਿਆਂ ਨੂੰ ਏਆਈ (ਚੈਟਜੀਪੀਟੀ) ਦੀ ਵਰਤੋਂ ਕਰਕੇ ਲੇਖ ਲਿਖਣ ਲਈ ਕਿਹਾ ਤੇ ਅੱਧਿਆਂ ਨੂੰ ਆਪਣੇ ਦਿਮਾਗ਼ ਦੀ ਵਰਤੋਂ ਕਰਕੇ ਲਿਖਣ ਦੀ ਹਦਾਇਤ ਕੀਤੀ। ਅਧਿਐਨ ਉਪਰੰਤ ਟੀਮ ਨੇ ਦੇਖਿਆ ਕਿ ਜਿਨ੍ਹਾਂ ਨੇ ਏਆਈ ਦੀ ਵਰਤੋਂ ਕੀਤੀ ਸੀ, ਉਨ੍ਹਾਂ ਵਿੱਚ ਦੂਜੇ ਸਮੂਹ ਨਾਲੋਂ ਕਾਫ਼ੀ ਘੱਟ ਬੋਧਾਤਮਕ ਸ਼ਮਤਾ ਸੀ। ਲੇਖਕਾਂ ਦਾ ਦਾਅਵਾ ਹੈ ਕਿ ਇਹ ਦਰਸਾਉਂਦਾ ਹੈ ਕਿ ਏਆਈ ਦੀ ਲੰਬੇ ਸਮੇਂ ਦੀ ਵਰਤੋਂ ਨੇ ਭਾਗੀਦਾਰਾਂ ਦੀ ਬੋਧਾਤਮਕ ਸਮਝ ਨੂੰ ਕਿਵੇਂ ਪ੍ਰਭਾਵਿਤ ਕੀਤਾ।

ਜਦੋਂ ਉਨ੍ਹਾਂ ਨੂੰ ਅੰਤ ਵਿੱਚ ਆਪਣੇ ਦਿਮਾਗ਼ ਦੀ ਵਰਤੋਂ ਕਰਨ ਦਾ ਮੌਕਾ ਮਿਲਿਆ, ਤਾਂ ਉਹ ਦੂਜੇ ਦੇ ਸਮੂਹਾਂ ਵਾਂਗ ਵਧੀਆ ਪ੍ਰਦਰਸ਼ਨ ਕਰਨ ਵਿੱਚ ਅਸਮਰੱਥ ਸਨ। ਏਆਈ ਦੀ ਮੌਜੂਦਾ ਸਥਿਤੀ ਨੂੰ ਸਮਝਣ ਲਈ ਅਸੀਂ ਉਸ ਸਮੇਂ ਵੱਲ ਵਾਪਸ ਦੇਖ ਸਕਦੇ ਹਾਂ ਜਦੋਂ ਕੈਲਕੂਲੇਟਰ ਪਹਿਲੀ ਵਾਰ ਉਪਲਬਧ ਹੋਏ ਸਨ। ਉਸ ਸਮੇਂ 1970 ਦੇ ਦਹਾਕੇ ਵਿੱਚ ਪ੍ਰੀਖਿਆਵਾਂ ਨੂੰ ਹੋਰ ਮੁਸ਼ਕਲ ਬਣਾ ਕੇ ਉਨ੍ਹਾਂ ਦੇ ਪ੍ਰਭਾਵ ਨੂੰ ਨਿਯੰਤਰਿਤ ਕੀਤਾ ਗਿਆ ਸੀ। ਹੱਥਾਂ ਨਾਲ ਗਣਨਾ ਕਰਨ ਦੀ ਬਜਾਏ ਵਿਦਿਆਰਥੀਆਂ ਤੋਂ ਕੈਲਕੂਲੇਟਰਾਂ ਦੀ ਵਰਤੋਂ ਕਰਨ ਅਤੇ ਆਪਣੇ ਬੋਧਾਤਮਕ ਯਤਨਾਂ ਨੂੰ ਵਧੇਰੇ ਗੁੰਝਲਦਾਰ ਕੰਮਾਂ ’ਤੇ ਖਰਚ ਕਰਨ ਦੀ ਉਮੀਦ ਕੀਤੀ ਜਾਂਦੀ ਸੀ। ਪ੍ਰਭਾਵਸ਼ਾਲੀ ਢੰਗ ਨਾਲ ਮਿਆਰ ਨੂੰ ਕਾਫ਼ੀ ਉੱਚਾ ਕੀਤਾ ਗਿਆ ਸੀ, ਜਿਸ ਨਾਲ ਵਿਦਿਆਰਥੀਆਂ ਨੂੰ ਕੈਲਕੂਲੇਟਰ ਉਪਲਬਧ ਹੋਣ ਤੋਂ ਪਹਿਲਾਂ ਨਾਲੋਂ ਵੀ ਜ਼ਿਆਦਾ ਸਖ਼ਤ ਕੰਮ ਕਰਨ ਲਈ ਮਜਬੂਰ ਕੀਤਾ ਗਿਆ ਸੀ।

ਏਆਈ ਨਾਲ ਚੁਣੌਤੀ ਇਹ ਹੈ ਕਿ ਜ਼ਿਆਦਾਤਰ ਚੀਜ਼ਾਂ ਲਈ ਅਧਿਆਪਕਾਂ ਨੇ ਮਿਆਰ ਨੂੰ ਇਸ ਤਰੀਕੇ ਨਾਲ ਨਹੀਂ ਵਧਾਇਆ ਹੈ ਕਿ AI ਪ੍ਰਕਿਰਿਆ ਦਾ ਇੱਕ ਜ਼ਰੂਰੀ ਹਿੱਸਾ ਬਣ ਜਾਵੇ। ਅਧਿਆਪਕ ਅਜੇ ਵੀ ਵਿਦਿਆਰਥੀਆਂ ਤੋਂ ਉਹੀ ਕੰਮ ਪੂਰੇ ਕਰਨ ਅਤੇ ਉਸੇ ਮਿਆਰ ’ਤੇ ਕੰਮ ਕਰਨ ਦੀ ਉਮੀਦ ਕਰਦੇ ਹਨ ਜਿਵੇਂ ਉਹ ਪੰਜ ਸਾਲ ਪਹਿਲਾਂ ਕਰਦੇ ਸਨ। ਅਜਿਹੀਆਂ ਸਥਿਤੀਆਂ ਵਿੱਚ AI ਅਸਲ ਵਿੱਚ ਨੁਕਸਾਨਦੇਹ ਹੋ ਸਕਦਾ ਹੈ। ਵਿਦਿਆਰਥੀ ਅਕਸਰ ਸਿੱਖਣ ਦੇ ਨਾਲ ਨਾਜ਼ੁਕ ਰੁਝੇਵੇਂ ਨੂੰ AI ’ਤੇ ਛੱਡ ਦਿੰਦੇ ਹਨ, ਜਿਸਦੇ ਨਤੀਜੇ ਵਜੋਂ “ਮੈਟਾਕੋਗਨਿਟਿਵ ਆਲਸ” ਹੁੰਦਾ ਹੈ। ਹਾਲਾਂਕਿ ਕੈਲਕੂਲੇਟਰ ਵਾਂਗ AI ਸਾਨੂੰ ਉਨ੍ਹਾਂ ਕੰਮਾਂ ਨੂੰ ਪੂਰਾ ਕਰਨ ਵਿੱਚ ਮਦਦ ਕਰ ਸਕਦਾ ਹੈ ਜੋ ਪਹਿਲਾਂ ਅਸੰਭਵ ਸਨ। ◆◆

## SIKH MATRIMONIALS

Gursikh Boy 32/5’9”/PHD in Civil engineering, Canada/Research Associate, Concordia University, Montreal/ Contact Father +91 98111 32504

Sikh boy wanted for UK based girl, 25 years old, 5 feet 3 inches., working as Psychologist in UK. On work permit.. Did masters in clinical Psychology from UK. Contact Whatsapp no. 9971863565

Gursikh Boy 29/5’8”/ Working in EY,UK/52K GBP/ Masters in Actuarial Management from City Univ. Of London. Contact 9810197878

Suitable match for gursikh boy, July 98 born/5’10” Working as a manager since 2022 Graduate in Marketing management from KPU(Kwantlan Politechnic University),Vancouver Canada, Phone - 9953223721

ਪੰਨਾ 3 ’ਤੇ ਦਿੱਤੇ ਪ੍ਰਸ਼ਨਾਂ ਦੇ ਉੱਤਰ: 1. B 2. B 3. C 4. D

Chief Editor: Dr. Harjinder Singh Editor: Dr. Davinder Singh Designer: Pavit Singh
Advisory Board: Gujinder Singh (USA), Harpreet Kaur (Belgium), Harmohinder Singh (USA), Mamta Kaur (India), Taranpreet Singh (India), Harman Singh (Canada)



email: canadasikhtimes@gmail.com, M: +1 437 673 7555